# ਖਾਲਸਾ ਕਾਲਜ ਦੇ ਪੀ.ਜੀ ਰਾਜਨੀਤੀ ਸ਼ਾਸਤਰ ਵਿਭਾਗ ਨੇ ਮਨਾਇਆ ਸੰਵਿਧਾਨ ਦਿਵਸ

## ਭਾਰਤੀ ਸੰਵਿਧਾਨ ਵਿਸ਼ਵ ਦਾ ਸਰਵਉੱਤਮ ਸੰਵਿਧਾਨ ਹੈ: ਡਾ.ਜਸਵੀਰ ਸਿੰਘ

ਸ਼੍ਰੀ ਅਨੰਦਪੁਰ ਸਾਹਿਬ 27 ਨਵੰਬਰ (ਜੋਗਿੰਦਰ ਰਾਣਾ ) - ਸਥਾਨਕ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਪੀ.ਜੀ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਬੜੇ ਹੀ ਉਤਸ਼ਾਹ ਨਾਲ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਵਿਭਾਗ ਵੱਲੋਂ 'ਭਾਰਤੀ ਸੰਵਿਧਾਨ ਦੇ ਬੁਨਿਆਦੀ ਸਿਧਾਂਤ' ਵਿਸ਼ੇ 'ਤੇ ਲੇਖ ਲਿਖਣ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੀ.ਏ ਅਤੇ ਐਮ.ਏ (ਰਾਜਨੀਤੀ ਸ਼ਾਸਤਰ) ਦੇ ਤਕਰੀਬਨ 55 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਭਾਰਤੀ ਸੰਵਿਧਾਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਅਤੇ ਫਰਜ਼ਾਂ ਸੰਬੰਧੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ



ਭਾਰਤੀ ਸੰਵਿਧਾਨ ਵਿਸ਼ਵ ਦਾ ਸਭ ਤੋਂ ਉੱਤਮ ਸੰਵਿਧਾਨ ਹੈ ਜੋ ਸਮੇਂ ਕਸੌਟੀ ਤੇ ਖਰਾ ਉਤਰਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਸੰਵਿਧਾਨ ਪੜ੍ਹਨ ਅਤੇ ਅਮਲੀ ਤੌਰ ਤੇ ਉਸਨੂੰ ਅਪਣਾ ਕੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਆ। ਇਸ ਦੌਰਾਨ ਡਾ.ਸੁਨੀਤਾ ਰਾਣੀ (ਮੁਖੀ ਰਾਜਨੀਤੀ ਸ਼ਾਸਤਰ ਵਿਭਾਗ), ਡਾ.ਰਵਿੰਦਰ ਸਿੰਘ ਰੇਖੀ, ਪ੍ਰੋ.ਜੇ.ਪੀ ਸਿੰਘ, ਡਾ.ਸੁਰੇਂਦਰ ਕੁਮਾਰ ਸ਼ਰਮਾ, ਡਾ.ਵੀਰਪਾਲ ਸਿੰਘ ਅਤੇ ਪ੍ਰੋ.ਅਮਨਦੀਪ ਕੌਰ ਵੀ ਹਾਜ਼ਰ ਸਨ।

**The PG Department of Political Science, Sri Guru Teg Bahadur Khalsa College, Sri Anandpur Sahib organized an Essay Writing Competition on 26th November, 2021 in celebration of the "Constitution Day". The topic of competition was the Basic Principles of Indian Constitution. Total of 55 students of PG and UG classes participated in the event. Dr. Sunita Rani (HOD) was coordinator of the event and all the other faculty members were also present. Dr. Jasvir Singh (Principal) honored the prize winners as well.**